**PRESS RELEASE**

# ਫਲਿੱਪਕਾਰਟ ਹੋਲਸੇਲ ਅਤੇ ਬੈਸਟ ਪ੍ਰਾਈਸ ਸਟੋਰਾਂ ਦੇ ਦਿ ਬਿੱਗ ਬਿਲੀਅਨ ਡੇਜ਼ ਨਾਲ ਰਿਟੇਲਰਾਂ 'ਚ ਛਾਈ ਤਿਉਹਾਰਾਂ ਦੀ ਉਮੰਗ

- **ਬੈਸਟ ਪ੍ਰਾਈਸ ਆਪਣੇ 28 ਹੋਲਸੇਲ ਸਟੋਰਾਂ, ਬੈਸਟ ਪ੍ਰਾਈਸ ਐਪ ਅਤੇ ਵੈਬਸਾਈਟ ਦੇ ਮਾਧਿਅਮ ਨਾਲ ਪੈਕੇਜਡ ਫੂਡ, ਹੋਮ ਕੇਅਰ, ਪਰਸਨਲ ਕੇਅਰ, ਇਲੈਕਟ੍ਰੋਨਿਕਸ ਅਤੇ ਅਪਲਾਇੰਸੇਜ ਅਤੇ ਆਮ ਵਸਤੂਆਂ ਦੀਆਂ ਸ਼੍ਰੇਣੀਆਂ 'ਚ ਅਨੋਖੇ ਆਫਰ ਪੇਸ਼ ਕਰੇਗਾ।**
- **ਫਲਿੱਪਕਾਰਟ ਹੋਲਸੇਲ ਐਪ 16 ਸ਼ਹਿਰਾਂ 'ਚ ਰਿਟੇਲਰਾਂ ਲਈ ਮਸ਼ਹੂਰ ਬ੍ਰਾਂਡਾਂ ਦੇ ਇੱਕ ਲੱਖ ਨਾਲੋਂ ਜ਼ਿਆਦਾ ਅਪੈਰਲ ਤੇ ਫੁੱਟਵੀਅਰ ਉਤਪਾਦਾਂ 'ਤੇ ਆਕਰਸ਼ਕ ਡੀਲ ਪੇਸ਼ ਕਰੇਗਾ।**

**ਬੰਗਲੌਰ, 12 ਅਕਤੂਬਰ, 2020:** ਭਾਰਤ 'ਚ ਵਿਕਸਿਤ ਫਲਿੱਪਕਾਰਟ ਗਰੁੱਪ ਦੇਸ਼ ਦੇ ਲੱਖਾਂ ਰਿਟੇਲਰਾਂ ਅਤੇ ਛੋਟੇ ਕਾਰੋਬਾਰਾਂ ਨੂੰ ਤਿਉਹਾਰਾਂ ਦੇ ਇਸ ਮੌਸਮ 'ਚ ਖੁਸ਼ ਕਰਨ ਦੇ ਲਈ ਤਿਆਰ ਹੈ। ਮਿਤੀ 16 ਅਕਤੂਬਰ ਤੋਂ ਫਲਿੱਪਕਾਰਟ ਹੋਲਸੇਲ ਐਪ ਅਤੇ ਬੈਸਟ ਪ੍ਰਾਈਸ ਦੇ ਸਾਰੇ ਕੈਸ਼-ਐਂਡ-ਕੈਰੀ ਸਟੋਰਾਂ 'ਤੇ ਵੀ 'ਦਿ ਬਿੱਗ ਬਿਲੀਅਨ ਡੇਜ਼' ਸੇਲ ਲਾਂਚ ਕੀਤੀ ਜਾ ਰਹੀ ਹੈ ਜਿਹੜੀ 16 ਅਕਤੂਬਰ ਤੱਕ ਚੱਲੇਗੀ।

ਦੇਸ਼ ਦੇ 9 ਰਾਜਾਂ 'ਚ 28 ਬੈਸਟ ਪ੍ਰਾਈਸ ਕੈਸ਼-ਐਂਡ-ਕੈਰੀ ਸਟੋਰਾਂ 'ਤੇ ਹੋਣ ਵਾਲੀ 'ਦਿ ਬਿੱਗ ਬਿਲੀਅਨ ਡੇਜ਼' ਸੇਲ ਦੇ ਤਹਿਤ 200 ਨਾਲੋਂ ਜ਼ਿਆਦਾ ਬ੍ਰਾਂਡਾਂ ਅਤੇ 45 ਨਾਲੋਂ ਜ਼ਿਆਦਾ ਸ਼੍ਰੇਣੀਆਂ 'ਚ 800 ਨਾਲੋਂ ਜ਼ਿਆਦਾ ਉਤਪਾਦਾਂ 'ਤੇ ਆਕਰਸ਼ਕ ਆਫਰ ਦਿੱਤੇ ਜਾਣਗੇ।

ਬੈਸਟ ਪ੍ਰਾਈਸ ਮੈਂਬਰ ਸਿੱਧੇ ਸਟੋਰ 'ਚ ਜਾ ਸਕਦੇ ਹਨ ਜਾਂ ਬੈਸਟ ਪ੍ਰਾਈਸ ਵੈਬਸਾਈਟ / ਐਪ ਦੇ ਜਰੀਏ ਆਰਡਰ ਕਰ ਸਕਦੇ ਹਨ। ਉਨ੍ਹਾਂ ਨੂੰ ਪੈਕੇਜਡ ਫੂਡ, ਹੋਮ ਕੇਅਰ, ਪਰਸਨਲ ਕੇਅਰ, ਇਲੈਕਟ੍ਰੋਨਿਕਸ ਅਤੇ ਅਪਲਾਇੰਸੇਜ ਅਤੇ ਆਮ ਵਸਤੂਆਂ ਦੀ ਵਿਸਤਰਿਤ ਰੇਂਜ ਉਪਲਬਧ ਹੋਵੇਗੀ ਜਿਨ੍ਹਾਂ 'ਤੇ ਉਨ੍ਹਾਂ ਨੂੰ ਐਕਸਕਲੂਸਿਵ ਡੀਲ ਵੀ ਮਿਲੇਗੀ।

ਫਲਿੱਪਕਾਰਟ ਹੋਲਸੇਲ ਐਪ ਦੀ ਸੇਵਾ ਹਾਲੇ 16 ਸ਼ਹਿਰਾਂ 'ਚ ਹੈ। ਇਸਦੇ ਜਰੀਏ 'ਦਿ ਬਿੱਗ ਬਿਲੀਅਨ ਡੇਜ਼' ਦੇ ਲਈ ਖਾਸ ਤੌਰ 'ਤੇ ਰੈਡ ਟੇਪ, ਡਿਊਕ, ਨੇਵਾ, ਕਲੋਵਿਯਾ ਜਿਹੇ ਫੈਸ਼ਨ ਬ੍ਰਾਂਡ ਪੇਸ਼ ਕੀਤੇ ਜਾ ਰਹੇ ਹਨ ਅਤੇ ਫੈਸ਼ਨ ਅਸੈਸਰੀਜ ਦੇ ਲਈ ਨਵੀਂ ਸ਼੍ਰੇਣੀ ਵੀ ਪੇਸ਼ ਕੀਤੀ ਗਈ ਹੈ। ਇਸ ਐਪ 'ਤੇ ਕੱਪੜਿਆਂ ਅਤੇ ਫੁੱਟਵੀਅਰ ਦੇ 30,000 ਨਵੇਂ ਸਟਾਈਲਸ ਵੀ ਸ਼ਾਮਲ ਕੀਤੇ ਗਏ ਹਨ ਜਿਨ੍ਹਾਂ ਦਾ ਤਾਲੁੱਕ ਭਾਰਤ ਦੇ ਪ੍ਰਮੁੱਖ ਫੈਸ਼ਨ ਕੇਂਦਰਾਂ ਨਾਲ ਹੈ, ਜਿਵੇਂ ਤਿਰੁਪੁਰ, ਸੂਰਤ, ਮੁੰਬਈ, ਦਿੱਲੀ, ਕਲਕੱਤਾ, ਕਾਨਪੁਰ ਅਤੇ ਲੁਧਿਆਣਾ ਆਦਿ।

ਫੈਸ਼ਨ ਰਿਟੇਲਰਾਂ ਨੂੰ ਫਲਿੱਪਕਾਰਟ ਹੋਲਸੇਲ 'ਤੇ ਆਪਣੇ ਪਹਿਲੇ ਸੌਦੇ 'ਤੇ 10 ਪ੍ਰਤੀਸ਼ਤ ਤੱਕ ਦੀ ਬਚਤ ਦਾ ਲਾਭ ਮਿਲੇਗਾ ਅਤੇ ਥੋਕ ਖਰੀਦਦਾਰੀ 'ਤੇ ਵਾਧੂ ਲਾਭ ਵੀ ਪ੍ਰਾਪਤ ਹੋਣਗੇ।

**ਫਲਿੱਪਕਾਰਟ ਹੋਲਸੇਲ ਅਤੇ ਵਾਲਮਾਰਟ ਇੰਡੀਆ ਦੇ ਸੀਨੀਅਰ ਵਾਈਸ ਪ੍ਰੈਜੀਡੈਂਟ ਅਤੇ ਹੈਡ ਆਦਰਸ਼ ਮੈਨਨ** ਨੇ ਕਿਹਾ, 'ਆਪਣੇ ਬੀ2ਬੀ ਕਾਰੋਬਾਰਾਂ ਫਲਿੱਪਕਾਰਟ ਹੋਲਸੇਲ ਅਤੇ ਬੈਸਟ ਪ੍ਰਾਈਸ ਸਟੋਰ 'ਤੇ ਪਹਿਲੀ ਵਾਰ 'ਦਿ ਬਿੱਗ ਬਿਲੀਅਨ ਡੇਜ਼' ਦੇ ਲਾਭ ਪੇਸ਼ ਕਰਦੇ ਹੋਏ ਅਸੀਂ ਬਹੁਤ ਉਤਸਾਹਿਤ ਹਾਂ। ਇਹ ਅਨੋਖੀ ਪੇਸ਼ਕਸ਼ ਫਲਿੱਪਕਾਰਟ ਅਤੇ ਵਾਲਮਾਰਟ ਇੰਡੀਆ ਦੇ ਤਾਲਮੇਲ ਦਾ ਫਲ ਹੈ, ਦੋਵਾਂ ਨੇ ਨਾਲ ਆ ਕੇ ਰਿਟੇਲਰਾਂ ਦੀ ਵਿੱਕਰੀ ਅਤੇ ਮੁਨਾਫਾ ਵਧਾਉਣ ਦਾ ਬਹੁਤ ਵਧੀਆ ਮੌਕਾ ਤਿਆਰ ਕੀਤਾ ਹੈ। ਸਾਡਾ ਵਿਸ਼ਵਾਸ ਹੈ ਕਿ ਇਸ ਨਾਲ ਸਾਡੇ

ਬੀ2ਬੀ ਮੈਂਬਰਾਂ ਨੂੰ ਬਹੁਤ ਵਧੀਆ ਬਚਤ ਮਿਲੇਗੀ, ਤਿਉਹਾਰਾਂ ਦੇ ਇਸ ਮੌਸਮ 'ਚ ਉਹ ਜ਼ਰੂਰ ਹੀ ਬਹੁਤ ਖੁਸ਼ੀ ਪ੍ਰਾਪਤ ਕਰਨਗੇ ਅਤੇ ਇਸ ਤਰ੍ਹਾਂ ਨਾਲ ਦੇਸ਼ ਦੀ ਅਰਥ ਵਿਵਸਥਾ 'ਚ ਵੀ ਯੋਗਦਾਨ ਹੋ ਸਕੇਗਾ।'

ਇਸ ਸਾਲ ਜੁਲਾਈ 'ਚ ਫਲਿੱਪਕਾਰਟ ਗਰੁੱਪ ਨੇ ਵਾਲਮਾਰਟ ਇੰਡੀਆ ਪ੍ਰਾਈਵੇਟ ਲਿਮਿਟਡ ਦੇ ਅਧਿਗ੍ਰਹਿਣ ਦੀ ਘੋਸ਼ਣਾ ਕੀਤੀ ਸੀ ਜਿਹੜੀ ਭਾਰਤ 'ਚ ਬੈਸਟ ਪ੍ਰਾਈਸ ਕੈਸ਼-ਐਂਡ-ਕੈਰੀ ਵਪਾਰ ਕਰਦੀ ਹੈ। ਇਸ ਅਧਿਗ੍ਰਹਿਣ ਨਾਲ ਗਰੁੱਪ ਦਾ ਮਕਸਦ ਵਾਲਮਾਰਟ ਦੇ ਥੋਕ ਕਾਰੋਬਾਰ 'ਚ ਮਜ਼ਬੂਤੀ ਦਾ ਲਾਭ ਲੈਂਦੇ ਹੋਏ ਕਰਿਆਨਾ ਅਤੇ ਛੋਟੇ-ਵਿਚਕਾਰਲੇ-ਮੱਧਮ ਉਦਯੋਗਾਂ ਦੀ ਤਰੱਕੀ ਅਤੇ ਕਾਮਯਾਬੀ ਨੂੰ ਬਲ ਪ੍ਰਦਾਨ ਕਰਨਾ ਹੈ।

ਦਿ ਬਿੱਗ ਬਿਲੀਅਨ ਡੇਜ਼ ਦੇ ਜਰੀਏ ਫਲਿੱਪਕਾਰਟ ਹੋਲਸੇਲ (ਬੈਸਟ ਪ੍ਰਾਈਸ ਸਟੋਰਾਂ ਸਹਿਤ) ਦਾ ਟੀਚਾ ਰਿਟੇਲ ਈਕੋਸਿਸਟਮ ਦੇ ਲਈ ਆਕਰਸ਼ਕ ਆਫਰ ਲੈ ਕੇ ਆਉਣਾ ਹੈ ਤਾਂ ਕਿ ਤਿਉਹਾਰੀ ਸੀਜਨ ਦੇ ਦੌਰਾਨ ਪੂਰੇ ਦੇਸ਼ ਦੇ ਛੋਟੇ ਵਪਾਰੀਆਂ ਦੇ ਕਾਰੋਬਾਰ ਨੂੰ ਅੱਗੇ ਵਧਾਇਆ ਜਾਵੇ।

**ਫਲਿੱਪਕਾਰਟ ਗਰੁੱਪ ਦੇ ਬਾਰੇ 'ਚ:**

ਫਲਿੱਪਕਾਰਟ ਗਰੁੱਪ ਭਾਰਤ ਦੇ ਮੋਹਰੀ ਡਿਜੀਟਲ ਕਾਮਰਸ ਸਮੂਹਾਂ 'ਚੋਂ ਇੱਕ ਹੈ। ਇਸ 'ਚ ਫਲਿੱਪਕਾਰਟ, ਮਿੰਤਰਾ ਅਤੇ ਫੋਨਪੇ ਸ਼ਾਮਲ ਹਨ। ਸਾਲ 2007 'ਚ ਸ਼ੁਰੂ ਹੋਈ ਫਲਿੱਪਕਾਰਟ ਨੇ ਲੱਖਾਂ ਗ੍ਰਾਹਕਾਂ, ਵਿਕ੍ਰੇਤਾਵਾਂ, ਵਪਾਰੀਆਂ ਅਤੇ ਲਘੂ ਕਾਰੋਬਾਰਾਂ ਨੂੰ ਇਸ ਕਾਬਲ ਬਣਾਇਆ ਕਿ ਉਹ ਭਾਰਤ ਦੀ ਈਕਾਮਰਸ ਕ੍ਰਾਂਤੀ ਦਾ ਹਿੱਸਾ ਬਣ ਸਕਣ। 25 ਕਰੋੜ ਵਰਤੋਂ ਕਰਨ ਵਾਲਿਆਂ ਵਾਲਾ ਫਲਿੱਪਕਾਰਟ 80+ ਸ਼੍ਰੇਣੀਆਂ 'ਚ 15 ਕਰੋੜ ਉਤਪਾਦ ਪੇਸ਼ ਕਰਦਾ ਹੈ। ਭਾਰਤ 'ਚ ਈਕਾਮਰਸ ਨੂੰ ਲੋਕਾਂ ਤੱਕ ਪਹੁੰਚਾਉਣ, ਪਹੁੰਚ ਅਤੇ ਸੰਚਾਲਨ ਨੂੰ ਅੱਗੇ ਵਧਾਉਣ, ਗ੍ਰਾਹਕਾਂ ਨੂੰ ਖੁਸ਼ ਕਰਨ, ਲੱਖਾਂ ਰੁਜਗਾਰ ਪੈਦਾ ਕਰਨ, ਉਦਮੀਆਂ ਦੀਆਂ ਪੀੜ੍ਹੀਆਂ ਅਤੇ ਐਮਐਸਐਮਈ ਨੂੰ ਕਾਮਯਾਬ ਕਰਨ ਵਾਲੇ ਕਦਮਾਂ ਨਾਲ ਸਾਨੂੰ ਜਿਹੜੀ ਸਫਲਾ ਹਾਸਲ ਹੋਈ ਉਸ ਨਾਲ ਸਾਨੂੰ ਅਜਿਹੀਆਂ ਚੀਜਾਂ ਇਨੋਵੇਟ ਕਰਨ 'ਚ ਮਦਦ ਮਿਲੀ ਜਿਹੜੀ ਇਸ ਉਦਯੋਗ 'ਚ ਪਹਿਲੀ ਵਾਰ ਹੋਈਆਂ ਹਨ। ਸਾਡੇ ਨਵੇਂ ਡਿਜੀਟਲ ਮਾਰਕੀਟਪਲੇਸ ਫਲਿੱਪਕਾਰਟ ਹੋਲਸੇਲ ਦਾ ਹਾਲੀਆ ਲਾਂਚ ਇਸਦਾ ਪਰਿਚਾਯਕ ਹੈ ਕਿ ਅਸੀਂ ਭਾਰਤ 'ਚ ਕਰਿਆਨਾ ਅਤੇ ਐਮਐਸਐਮਈ ਦੇ ਵਾਧੇ ਨੂੰ ਤੇਜ ਕਰਨ ਦੇ ਲਈ ਵਚਨਬੱਧ ਹਾਂ। ਫਲਿੱਪਕਾਰਟ ਨੂੰ ਕੈਸ਼ ਆਨ ਡਿਲੀਵਰੀ, ਨੋ ਕਾਸਟ ਈਐਮਆਈ ਅਤੇ ਈਜੀ ਰਿਟਰਨ ਜਿਹੀਆਂ ਗ੍ਰਾਹਕ ਕੇਂਦਰਿਤ ਪਹਿਲਾਂ ਦੇ ਲਈ ਜਾਣਿਆ ਜਾਂਦਾ ਹੈ ਜਿਸਨੇ ਕਰੋੜਾਂ ਭਾਰਤੀਆਂ ਦੇ ਲਈ ਆਨਲਾਈਨ ਸ਼ਾਪਿੰਗ ਨੂੰ ਜ਼ਿਆਦਾ ਪਹੁੰਚਯੋਗ ਅਤੇ ਕਿਫਾਇਤੀ ਬਣਾ ਦਿੱਤਾ। **ਮਿੰਤਰਾ** ਦੀ ਆਨਲਾਈਨ ਫੈਸ਼ਨ ਮਾਰਕੀਟ 'ਚ ਮਜ਼ਬੂਤ ਸਥਿਤੀ ਹੈ, **ਫੋਨਪੇ** ਭਾਰਤ ਦਾ ਸਭ ਤੋਂ ਤੇਜੀ ਨਾਲ ਵਧਦਾ ਪੇਮੈਂਟ ਪਲੇਟਫਾਰਮ ਏ ਅਤੇ **ਫਲਿੱਪਕਾਰਟ ਹੋਲਸੇਲ** ਦੇ ਨਾਲ ਫਲਿੱਪਕਾਰਟ ਗਰੁੱਪ ਟੈਕਨੋਲਾਜੀ ਦੇ ਮਾਧਿਅਮ ਨਾਲ ਦੇਸ਼ 'ਚ ਕਾਰੋਬਾਰ ਦੇ ਤਰੀਕੇ ਨੂੰ ਬਦਲਣ 'ਚ ਸਭ ਤੋਂ ਅੱਗੇ ਰਹਿ ਕੇ ਇਸੇ ਤਰ੍ਹਾਂ ਹੀ ਕੰਮ ਕਰਦਾ ਰਹੇਗਾ।

**ਜ਼ਿਆਦਾ ਜਾਣਕਾਰੀ ਦੇ ਲਈ ਕ੍ਰਿਪਾ ਕਰਕੇ ਲਿਖੋ:** media@flipkart.com